ਨੰ: 3/2/97- ਐਫ.ਪੀ.I/ 259

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ,ਚੰਡੀਗੜ੍ਹ: 20-03-2015

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਜਿਲ੍ਹਾ ਅਤੇ ਸ਼ੈਸਨ ਜੱਜ ਅਤੇ ਰਾਜ ਦੀਆਂ ਸਮੂਹ
ਡਵੀਜਨਾਂ ਦੇ ਕਮਿਸ਼ਨਰ ਅਤੇ ਸਮੂਹ ਡਿਪਟੀ ਕਮਿਸ਼ਨਰ।

ਵਿਸ਼ਾ:- ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1.7.2014 ਤੋਂ 7% ਡੀ.ਏ. ਦੀ ਕਿਸ਼ਤ ਦੇਣ ਬਾਰੇ।

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 3/2/97-1ਵਿ.ਪ੍ਰ.1/448, ਮਿਤੀ 9-5-2014 ਦੀ ਲਗਾਤਾਰਤਾ ਵਿੱਚ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਦੇ ਰਾਜਪਾਲ ਜੀ ਨੇ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1.7.2014 ਤੋਂ ਡਿਊ ਮਹਿੰਗਾਈ ਭੱਤੇ ਦੀ ਕਿਸ਼ਤ ਮਾਰਚ, 2015 ਤੋਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਦਾ ਮਹਿੰਗਾਈ ਭੱਤਾ ਬੇਸਿਕ ਪੇ/ਪੈਨਸ਼ਨ ਤੇ ਮੌਜੂਦਾ 100% ਤੋਂ ਵਧ ਕੇ 107% ਹੋ ਜਾਵੇਗਾ।

2. ਇਸ ਵਧੀ ਹੋਈ ਦਰ ਤੇ ਮਿਲਣਯੋਗ ਮਹਿੰਗਾਈ ਭੱਤਾ ਮਹੀਨਾ ਮਾਰਚ 2015 ਤੋਂ ਤਨਖਾਹ/ਪੈਨਸ਼ਨ ਨਾਲ ਨਕਦ ਭੁਗਤਾਨ ਕੀਤਾ ਜਾਵੇਗਾ।

3. ਅਜਿਹੇ ਕਰਮਚਾਰੀ, ਜਿਹਨਾਂ ਦੀ ਨਿਯੁਕਤੀ ਪੰਜਾਬ ਸਰਕਾਰ ਵੱਲੋਂ ਪੱਤਰ ਨੰਬਰ 3/72/2003-3ਐੱਫ.ਪੀ.ਪੀ.ਸੀ./7280, ਮਿਤੀ 12.12.2006 ਰਾਹੀਂ ਜਾਰੀ ਕੀਤੀ ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਮਿਤੀ 1.1.2004 ਜਾਂ ਉਸ ਉਪਰੰਤ ਕੀਤੀ ਗਈ ਹੈ ਅਤੇ ਜਿਹਨਾਂ ਨੇ ਅਜੇ ਤੱਕ ਉਕਤ ਸਕੀਮ ਦੇ ਟਾਇਰ II ਅਧੀਨ ਆਪਣੇ ਖਾਤੇ ਨਹੀਂ ਖੁਲਵਾਏ, ਵਿਭਾਗਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਧੀਆਂ ਦਰਾਂ ਤੇ ਮਿਲਣ ਵਾਲੇ ਮਹਿੰਗਾਈ ਭੱਤੇ ਵਜੋਂ ਬਣਨ ਵਾਲੇ ਬਕਾਏ ਦੀ ਰਕਮ ਦੇ ਇਵਜ ਵਿੱਚ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਸਬੰਧਤ ਕਰਮਚਾਰੀਆਂ ਦੇ ਨਾਮ ਤੇ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰਾਂ ਦੀ ਖਰੀਦ ਕਰਨ।

4. ਅਜਿਹੇ ਕਰਮਚਾਰੀ ਜਿਹਨਾਂ ਨੇ ਪੰਜਾਬ ਸਰਕਾਰ ਦੀ ਸੇਵਾ, ਪੱਤਰ ਨੰਬਰ 3/72/2003-3ਐੱਫ.ਪੀ.ਪੀ.ਸੀ./7280, ਮਿਤੀ 12.12.2006 ਰਾਹੀਂ ਜਾਰੀ ਕੀਤੀ 'ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ' ਅਧੀਨ 1.1.2004 ਜਾਂ ਉਸ ਤੋਂ ਬਾਅਦ ਜੁਆਇੰਨ ਕੀਤੀ ਹੈ, ਉਹਨਾਂ ਦਾ ਵਧੀਆਂ ਦਰਾਂ ਤੇ ਮਹਿੰਗਾਈ ਭੱਤੇ ਦੀ ਰਾਸ਼ੀ ਦੇ ਬਕਾਏ ਦਾ 10% ਹਿੱਸਾ 'ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ'ਦੇ ਟਾਇਰ I ਅਧੀਨ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰ ਖਰੀਦ ਕੇ ਕਰਮਚਾਰੀਆਂ ਦੇ ਨਾਮ ਤੇ ਨਿਵੇਸ਼ ਕੀਤਾ ਜਾਵੇਗਾ।

ਵਿਸ਼ਵਾਸਪਾਤਰ

(ਕਮਲੇਸ਼ ਅਰੋੜਾ)
ਉੱਪ ਸਕੱਤਰ ਵਿੱਤ

ਨੰ: 3/2/97-ਐੱਫ.ਪੀ.1/ 260 ਮਿਤੀ,ਚੰਡੀਗੜ੍ਹ: 20-3-2015

ਇਸ ਦਾ ਇੱਕ ਉਤਾਰਾ ਸਮੇਤ ਇੱਕ ਵਾਧੂ ਕਾਪੀ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ,ਚੰਡੀਗੜ੍ਹ।
3. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਉਤਰਾਖੰਡ, ਓਬਰਾਏ ਮੋਟਰ ਬਿਲਡਿੰਗ, ਸਹਾਰਨਪੁਰ ਰੋਡ ਮਾਜਰਾ, ਦੇਹਰਾਦੂਨ-248171